कृण्वन्तो विश्वमार्यम्

यतेमहि स

Year : 9
Issue : 33
January - March- 2019
www. chintanresearchjournal.com
Impact Factor : 4.012

International Refereed

# चिन्तन रिसर्च जर्नल

# Chintan Research Journal

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित

(Indexed & Listed at : Ulrich's Periodicals Directory ©, ProQuest . U.S.A.)
(Indexed & Listed at : Research Bib, Japan)
(Indexed & Listed at : Indian Journal Index (IJINDEX))
(UGC Approved List No. 41243)

संपादक

आचार्य (डॉ.) शीलक राम

यावत् जीवेत् सुखं जीवेत्

आचार्य अकादमी

भारत

ISO 9001:2008

- न्याय व वैशेषिक दर्शन में ईश्वर कल्पना
  - डॉ० नेहा जैन — 655-659
- मॉरीशस में हिन्दी साहित्य का विकास
  - डॉ० नवनीत कौर — 660-663
- Future in Law as A Profession in India
  - Neha — 664-667
- ਸੁਖਵਿੰਦਰ ਕੰਬੋਜ ਦਾ ਕਾਵਿ ਵਸਤੂ ਅਤੇ ਵਿਚਾਰਧਾਰਕ ਚੇਤਨਾ (ਸੰਗ, ਸਮਨ ਤੇ ਸੁਗੰਧੀ, ਕਾਵਿ ਪੁਸਤਕ ਦੇ ਆਧਾਰ 'ਤੇ) — 668-673
  - ਰਵਿੰਦਰਜੀਤ ਕੌਰ
- Metal Technologies of the Indus Valley Tradition: A Review
  - Shubham Dixit — 674-682
- Uniform Civil Code: A Decisive Step Towards National Consolidation
  - Dr Nirmala Devi — 683-691
- Dynamics of Haryana Agricultural Infrastructure Development Index (2016-17)
  - Vasudha Jolly — 692-697
- Corruption in India
  - Umang Agrawal — 698-702
- राजनीति में क्षेत्रीयतावाद की समस्या : भारत के विशेष संदर्भ मे
  - सन्दीप ढिल्लों — 703-707
- स्वराज पार्टी का संविधान एवं कार्यक्रम
  - बिट्टू — 708-711
- चोलकालीन व्यापार एवं वाणिज्य
  - Manoj Kumar — 712-715
- Analysis of the spatio-temporal variations in standard of education at primary level in Bihar: 2005-06 to 2015-16.
  - Kapil dev — 716-729
- ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਨੈਤਿਕ ਕਦਰਾਂ ਕੀਮਤਾਂ (ਅਜੋਕੇ ਪ੍ਰਸੰਗ ਵਿੱਚ) — 730-734
  - ਡਾ. ਪੁਸ਼ਪਿੰਦਰ ਪਾਲ ਕੌਰ.
- ਮੱਧ ਕਾਲ ਵਿੱਚ ਸ਼ਾਸਤਰੀ ਸੰਗੀਤ ਦੇ ਵਿਕਾਸ ਵਿੱਚ ਪੰਜਾਬੀਆਂ ਦਾ ਯੋਗਦਾਨ — 735-741
  - ਰਮਨਦੀਪ ਕੌਰ
- ਲੋਕ ਕਾਵਿ ਦਾ ਸੰਚਾਰ ਅਤੇ ਵਰਗੀਕਰਨ — 742-747
  - ਡਾ. ਕੁਪਿੰਦਰ ਕੌਰ
- "ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਾਜਿਕ ਸਮਾਨਤਾ"
  - ਸੁਰਜੀਤ ਕੌਰ — 748-751
- ਜਗਦੇ-ਬੁਝਦੇ ਜੀਵਨ ਵੱਲ ਇਕ ਝਾਤ-ਨਰਿੰਦਰ ਸਿੰਘ ਕਪੂਰ ਦਾ ਵਾਰਤਕ ਸੰਗ੍ਰਹਿ-ਖਿੜਕੀਆਂ — 752-755
  - ਡਾ. ਗੁਰਜਿੰਦਰ ਕੌਰ
- ਪੰਜਾਬੀ ਨਾਟਕ ਵਿਚ ਖਲਨਾਇਕ ਦੀ ਰੂਪ — 756-759
  - ਜਗਸੀਰ ਸਿੰਘ ਹੈਬਆਣਾ
- ਮਨਮੋਹਨ ਬਾਵਾ ਦੇ ਕਹਾਣੀ ਸੰਗ੍ਰਹਿ 'ਕਾਲਾ ਕਬੂਤਰ' : ਵਿਸ਼ੇਗਤ ਅਧਿਐਨ — 760-764
  - ਕਿਰਨ ਗਰਗ
- उपनिषद् गुरोपदेश तुल्य है
  - डॉ० गीतांजलि तिवारी — 765-767
- पुरुषार्थचतुष्ट्य में काम की अवधारणा (अकबरसाहिशृङ्गारदर्पण के विशेष परिप्रेक्ष्य में)
  - कृपा भास्कर सचदेव — 768-775
- नागार्जुन एक जनवादी कवि
  - पूनम सहारण — 776-778

International Refereed
UGC List No.41243
Impact Factor : 4.012
'चिन्तन' अन्तर्राष्ट्रीय रिसर्च जर्नल (ISSN : 2229-7227)
वर्ष 9, अंक 33 (पृ.सं. 752-755)
विक्रमी सम्वत्: 2076 (जनवरी-मार्च 2019)

# ਜਗਦੇ-ਬੁਝਦੇ ਜੀਵਨ ਵੱਲ ਇਕ ਝਾਤ-ਨਰਿੰਦਰ ਸਿੰਘ ਕਪੂਰ ਦਾ ਵਾਰਤਕ ਸੰਗ੍ਰਹਿ-ਖਿੜਕੀਆਂ

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ
ਸੰਤਪੁਰਾ (ਯਮੁਨਾਨਗਰ)

ਸ਼ੋਧ ਆਲੇਖ ਸਾਰ

ਨਰਿੰਦਰ ਸਿੰਘ ਕਪੂਰ ਅਜੋਕੇ ਯੁੱਗ ਦੀ ਵਾਸਤਵਿਕਤਾ ਨੂੰ ਚੇਤੰਨ ਹੋ ਕੇ ਨਵੇਂ ਅੰਦਾਜ ਵਿਚ ਪੇਸ਼ ਕਰਦਾ ਹੈ। ਉਸਦਾ ਉਦੇਸ਼ ਸੋਚ ਨੂੰ ਪ੍ਰਤਖੀਕਰਣ ਦੇਣਾ ਅਤੇ ਇੰਦ੍ਰਿਆਵੀ ਬੋਧ ਨੂੰ ਤਿੱਖਾ ਤੇ ਪ੍ਰਚੰਡ ਰੂਪ ਦੇਣਾ ਹੈ। ਲੇਖਕ ਦਾ ਵਿਚਾਰ ਹੈ ਕਿ ਉਸਰਨਾ ਅਤੇ ਟੁੱਟਣਾ ਹਰੇਕ ਵਰਤਾਰੇ ਦਾ ਲਾਜ਼ਮੀ ਪੱਖ ਹੁੰਦਾ ਹੈ ਜਿਵੇਂ ਹਰ ਵਪਾਰ, ਪਰਿਵਾਰ, ਅਦਾਰਾ, ਬਾਦਸ਼ਾਹੀ, ਸੰਗਠਨ ਆਦਿ ਦੀ ਗੁੱਡੀ ਹਮੇਸ਼ਾ ਖੜ੍ਹੀ ਨਹੀ ਰਹਿ ਸਕਦੀ। ਸੰਸਾਰ ਦੇ ਅਰਥ ਯਥਾਰਥ ਤੋਂ ਹੁੰਦੇ ਹਨ ਅਤੇ ਜੀਵਨ ਦੇ ਅਰਥ ਧਰਤੀ ਤੋਂ ਹੁੰਦੇ ਹਨ।

ਮੁਖ ਸ਼ਬਦ : ਵਾਸਤਵਿਕਤਾ, ਸਿਰਜਨਾਤਮਕ ਲਿਖਤਾਂ, ਗੁਣਾਤਮਕ ਰਚਨਾ, ਦਿਲ ਪਰਚਾਣਾ ।

ਨਰਿੰਦਰ ਸਿੰਘ ਕਪੂਰ ਦੀ ਵਾਰਤਕ ਨੇ ਪੰਜਾਬੀ ਸਾਹਿਤ ਨੂੰ ਨਵੀ ਵੰਗਾਰ ਦਿੱਤੀ, ਸਮੇਂ ਦੇ ਗੁਜ਼ਰਨ ਦੇ ਨਾਲ-ਨਾਲ, ਲਿਖਣ ਅਭਿਆਸ ਦੇ ਵੱਧਣ ਨਾਲ, ਵਿਸ਼ਿਆਂ ਦੀ ਵੰਨ-ਸੁਵੰਨਤਾ ਨਾਲ ਕਪੂਰ ਦੀ ਵਾਰਤਕ ਸ਼ੈਲੀ ਨੇ ਨਵੇਂ-ਨਵੇਂ ਪ੍ਰਯੋਗ ਕੀਤੇ ਹਨ। ਕਪੂਰ ਦੇ ਵਿਦਵਤਾਪੂਰਨ ਲੇਖ, ਉਸਦੀਆਂ ਸਿਰਜਨਾਤਮਕ ਲਿਖਤਾਂ ਅਤੇ ਵਿਚਾਰ ਸੰਗ੍ਰਹਿ ਅਜੋਕੇ ਸਮੇਂ ਦੀਆਂ ਗੁਣਾਤਮਕ ਰਚਨਾਵਾਂ ਹਨ। ਸਮੇਂ ਦੀ ਨਬਜ਼ ਨੂੰ ਪਛਾਣ ਕੇ, ਆਧੁਨਿਕ ਮਨੁੱਖ ਕੋਲ ਵਕਤ ਦੀ ਕਮੀ ਨੂੰ ਧਿਆਨ ਵਿਚ ਰੱਖ ਕੇ ਨਰਿੰਦਰ ਸਿੰਘ ਕਪੂਰ ਨੇ ਆਪਣੀ ਵਾਰਤਕ ਰਚਨਾਵਾਂ ਦਾ ਰੁੱਖ 'ਲੇਖਾਂ' ਤੋਂ ਮੋੜ ਕੇ 'ਵਿਚਾਰਾਂ' ਵੱਲ ਕੀਤਾ। ਇਸ ਪੱਖ ਤੋਂ ਕਪੂਰ ਦੀਆਂ ਨਵੀਆਂ ਪ੍ਰਾਪਤੀਆਂ 'ਮਾਲਾ-ਮਣਕੇ', 'ਮਾਲਾ-ਮਣਕੇ 2' ਅਤੇ 'ਖਿੜਕੀਆਂ' ਪੁਸਤਕਾਂ ਦੇ ਹਵਾਲੇ ਤੇ ਵੇਖੀਆਂ ਜਾ ਸਕਦੀਆਂ ਹਨ। ਨਰਿੰਦਰ ਸਿੰਘ ਕਪੂਰ ਆਪਣੇ ਵਿਚਾਰ ਸੰਗ੍ਰਹਾਂ ਨੂੰ ਬਿਲਕੁਲ ਸਰਲ ਤੇ ਸੌਖੀ ਵਾਰਤਕ ਦਾ ਰੂਪ ਦਿੰਦਾ ਹੈ। ਛੋਟੇ-ਛੋਟੇ ਵੇਰਵਿਆਂ ਨੂੰ ਬੜੇ ਸੁਚੱਜੇ ਢੰਗ ਨਾਲ ਵਿਉਂਤ ਕੇ ਪੰਦ-ਸੰਗ੍ਰਹਿ ਦੇ ਰੂਪ ਵਿਚ ਤਿਆਰ ਕੀਤੀ ਗਈ ਉਸਦੀ ਹੱਥਲੀ ਪੁਸਤਕ 'ਖਿੜਕੀਆਂ' ਜਗਦੇ-ਬੁਝਦੇ ਜੀਵਨ ਵੱਲ ਇਕ ਖੁਲ੍ਹੀ ਝਾਤੀ ਹੈ। ਨਰਿੰਦਰ ਸਿੰਘ ਕਪੂਰ ਨੇ ਇਸ ਪੁਸਤਕ ਵਿਚ ਆਪਣੇ ਚੋਗਿਰਦੇ ਵਿਚੋਂ ਸਾਧਾਰਨ ਘਟਨਾਵਾਂ, ਪੂਰਵੀ ਤੇ ਪੱਛਮੀ ਜੀਵਨ ਪ੍ਰਣਾਲੀਆਂ ਵਿਚਲੀਆਂ ਘਟਨਾਵਾਂ ਵਿਚੋਂ ਵਿਸ਼ੇ ਤੇ ਵਸਤੂ ਦੀ ਸਾਮਗ੍ਰੀ ਚੁਣ ਕੇ ਸਿਖਿਆਤਮਕ ਪੱਧਰ ਦੀ ਵਾਰਤਕ ਤਿਆਰ ਕੀਤੀ ਹੈ।

ਕਪੂਰ ਦੇ ਪੰਦ-ਸੰਗ੍ਰਹਿ 'ਖਿੜਕੀਆਂ' ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਪਾਠਕ ਕੋਲੋਂ ਉਸਦੀ ਕੀਮਤੀ ਸਮੇਂ ਦੀ ਮੰਗ ਨਹੀਂ ਕਰਦੀ, ਸਗੋਂ ਪਲਾਂ ਦੇ ਪਲਾਂ ਵਿਚ ਹੀ ਉਸਦੀ ਜਗਿਆਸਾ ਸ਼ਾਂਤ ਕਰਨ ਵਿਚ ਸਮਰਥ ਹੈ। ਛੋਟੇ-ਛੋਟੇ ਪਦਾਂ ਦੇ ਰੂਪ ਵਿੱਚ ਕਹੀ ਗਈ ਗੱਲ ਚਿੜੀ ਦੀ ਚੂੰਝ ਵਰਗੀ ਪਿਆਰੀ ਨਿੱਕੀ ਕਹਾਣੀ ਦਾ ਭੁਲੇਖਾ ਵੀ ਪਾਉਂਦੀ ਹੈ ਅਤੇ ਪਾਠਕ ਨੂੰ ਆਨੰਦ ਤੇ ਸਿਖਿਆ ਵੀ ਦੇ ਜਾਂਦੀ ਹੈ। ਨਰਿੰਦਰ ਸਿੰਘ ਕਪੂਰ ਦੀ ਇਸ ਉੱਚ ਪੱਧਰੀ ਲਿਖਤ ਦੀ ਮੂਲ ਪਛਾਣ ਉਸਦੀ ਮਹਾਂ-ਦ੍ਰਿਸ਼ਟੀ ਹੈ। "ਮਹਾਂਦ੍ਰਿਸ਼ਟੀ ਦੀ ਲਾਜ਼ਮੀ ਸ਼ਰਤ ਉਹ ਹੈ ਕਿ ਇਹ ਪੂਰੀ ਉਮਰ ਦੀ ਮੰਗ ਕਰਦੀ ਹੈ ਅਤੇ ਲੇਖਕ ਦੀ ਇਕਾਗਰਤਾ ਵੀ ਇਸਦੀ ਮੂਲ ਸ਼ਰਤ ਹੈ।"[1]

"ਸਾਹਿਤ ਦਾ ਉਹ ਹਿੱਸਾ ਸਭਿਆਚਾਰ ਦਾ ਅੰਗ ਬਣ ਸਕਦਾ ਹੈ, ਜਿਸ ਪਾਸ ਦ੍ਰਿਸ਼ਟੀ, ਦ੍ਰਿਸ਼ਟੀਕੋਣ ਜਾਂ ਦ੍ਰਿਸ਼ਟੀਪਾਸਾਰ ਹੁੰਦਾ ਹੈ। ਦ੍ਰਿਸ਼ਟੀ ਪਾਸਾਰ ਵਾਲੀ ਰਚਨਾ ਡੂੰਘੀ ਹੁੰਦੀ ਹੈ ਕਿਉਂਕਿ ਉਹ ਹਰ ਸਥਿਤੀ ਵਿਚ ਕੰਮ ਆਉਣ ਵਾਲੀ ਵਸਤੂ ਹੈ। ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਦੀ ਪਕੜ ਸਤਹਿ ਤਕ ਹੁੰਦੀ ਹੈ ਅਤੇ ਉਹ ਕੇਵਲ ਹਮਨਜ਼ਰ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ।"[2]

ਉਪਰੋਕਤ ਪੱਖਾਂ ਤੋਂ ਜਦੋਂ ਅਸੀ ਨਰਿੰਦਰ ਸਿੰਘ ਕਪੂਰ ਦੇ ਹਥਲੇ ਪਦ-ਸੰਗ੍ਰਹਿ 'ਖਿੜਕੀਆਂ' ਵੱਲ ਝਾਤ ਮਾਰਦੇ ਹਾਂ ਤਾਂ ਵੇਖਦੇ ਹਾਂ ਕਿ ਉਸਦੀ ਲਿਖਤ ਉਸਦੀ ਮਹਾਂ-ਦ੍ਰਿਸ਼ਟੀ ਦਾ ਹੀ ਇਕ ਟੋਟਾ ਹੈ, ਇਸਦੇ ਨਾਲ-ਨਾਲ ਉਸਦੀ ਲਿਖਤ ਵਿਸ਼ਵ ਪੱਧਰ ਦੇ ਵੀ ਦ੍ਰਿਸ਼ਟੀ-ਪਾਸਾਰਾਂ ਨਾਲ ਜੁੜੀ ਹੋਈ ਹੈ। ਜੀਵਨ ਦੀ ਹਰ ਸਥਿਤੀ ਵਿਚ ਕੰਮ ਆਉਣ ਵਾਲਾ ਇਹ ਪਦ-ਸੰਗ੍ਰਹਿ ਖਿੜਕੀਆਂ ਕੇਵਲ ਲੇਖਕ ਦੇ ਹਮਨਜ਼ਰ ਪਾਠਕਾਂ ਨੂੰ ਹੀ ਪ੍ਰਭਾਵਿਤ ਨਹੀ ਕਰਦਾ, ਸਗੋਂ ਹਰ ਪੱਧਰ ਦੇ ਪਾਠਕਾਂ ਦੀ ਰਹਿਨੁਮਾਈ ਕਰਦਾ ਹੈ। ਨਰਿੰਦਰ ਸਿੰਘ ਕਪੂਰ ਦੇ ਵਿਚਾਰ-ਸੰਗ੍ਰਿਹਾਂ ਅਤੇ ਪਦ-ਸੰਗ੍ਰਹਿ 'ਖਿੜਕੀਆਂ' ਨਾਲ ਪੰਜਾਬੀ ਵਾਰਤਕ ਸਰਲਤਾ ਤੇ ਸਪਸ਼ਟਤਾ ਦੇ ਸਾਂਚੇ ਵਿਚ ਜੜ੍ਹੀ ਨਜ਼ਰ ਆਉਂਦੀ ਹੈ। ਮਨੁੱਖੀ ਸਭਿਅਤਾ, ਭਾਰਤੀ ਸਭਿਅਤਾ ਅਤੇ ਵਿਸ਼ਵ-ਸਭਿਅਤਾ ਦਾ ਯਥਾਰਥਕ, ਵਿਗਿਆਨਕ ਅਤੇ ਬੌਧਿਕ ਦ੍ਰਿਸ਼ਟੀਕੋਣ ਤੋ ਵਿਸ਼ਲੇਸ਼ਣ ਕਰਨ ਵਿਚ ਲੇਖਕ ਆਪਣੀ ਹੱਥਲੀ ਪੁਸਤਕ 'ਖਿੜਕੀਆਂ' ਵਿਚ ਸਫ਼ਲ ਹੋਇਆ ਹੈ। ਲੇਖਕ ਆਪਣੀ ਹੱਥਲੀ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ ਕਿ "ਅਜੋਕੇ ਸੰਸਾਰ ਵਿਚ ਪੂਰਬੀ ਅਤੇ ਪੱਛਮੀ ਜੀਵਨ-ਜਾਂਚ ਅਤੇ ਵਿਸ਼ਵ-ਦ੍ਰਿਸ਼ਟੀ ਵਿਚ ਹੀ ਨਹੀ, ਇਹਨਾਂ ਦੇ ਚਾਨਣੇ ਅਤੇ ਹਨੇਰੇ ਵਿਚ ਵੀ ਅੰਤਰ ਹੈ। ਇਹਨਾਂ ਦੋਹਾਂ ਜੀਵਨ-ਪ੍ਰਣਾਲੀਆਂ ਵਿਚੋਂ ਘਟਨਾਵਾਂ ਅਤੇ ਸ਼ਖ਼ਸੀਅਤਾ ਇਸ ਪੁਸਤਕ ਵਿਚ ਪੇਸ਼ ਕੀਤੀਆਂ ਗਈਆਂ ਹਨ, ਤਾਂ ਜੋ ਪਾਠਕ ਦਾ ਅਨੁਭਵ ਵਿਸ਼ਾਲ ਅਤੇ ਗਿਆਨ ਡੂੰਘਾ ਹੋ ਸਕੇ।"[3]

ਲੇਖਕ ਦਾ ਵਿਚਾਰ ਹੈ ਕਿ ਅਨੁਭਵ ਦੀਆਂ ਨਵੀਆਂ ਪੁਲਾਂਘਾਂ ਪੁਟਦੀ ਉਸਦੀ ਇਸ ਪੁਸਤਕ ਵਿਚ ਮਨੁੱਖੀ ਵਿਹਾਰ ਸੰਬੰਧੀ ਟਿੱਪਣੀਆਂ ਵਿਚ ਵਿਵੇਕ ਅਤੇ ਵਿਕਾਸ ਦੇ ਸੰਕੇਤ ਹਨ, ਅਣਗਿਣਤ ਵਿਅਕਤੀਆਂ ਦੇ ਭਾਸ਼ਣਾਂ ਅਤੇ ਲਿਖਤਾਂ ਦੇ ਅੰਸ਼ ਵੀ ਹਨ ਜੋ ਜੀਵੰਨ ਦੀਆਂ ਔਕੜਾਂ ਨੂੰ ਸਮਝਣ ਦੇ ਸੁਨੇਹੇ ਹਨ। ਨਰਿੰਦਰ ਸਿੰਘ ਕਪੂਰ ਦੀਆਂ ਵਾਰਤਕ ਰਚਨਾਵਾਂ ਦੀ ਖ਼ਾਸਿਅਤ ਉਸਦੀ ਆਪਣੀ ਗੱਲ ਨੂੰ ਸਮਝਣ ਸਮਝਾਉਣ ਲਈ ਵਰਤੀ ਜਾਣ ਵਾਲੀਆਂ ਉਦਾਹਰਣਾਂ ਹਨ ਜੋ ਉਸਦੇ ਲੇਖਾਂ ਦੇ ਵਿਸ਼ੇ ਦੀ ਸਪੱਸ਼ਟਤਾ ਨੂੰ ਵਜ਼ਨਦਾਰ, ਪ੍ਰਭਾਵਸ਼ਾਲੀ ਅਤੇ ਦਿਲਚਸਪ ਬਣਾਉਂਦੀਆਂ ਹਨ। ਉਦਾਹਰਣ ਦੇ ਵਜ਼ਨ ਨਾਲ ਪਾਠਕ ਨੂੰ ਆਪਣੇ ਨਾਲ ਲੈ ਕੇ ਤੁਰਨ ਵਾਲਾ ਨਰਿੰਦਰ ਸਿੰਘ ਕਪੂਰ ਇਕ ਉਸਤਾਦ ਵਾਰਤਕਕਾਰ ਹੈ। ਹੱਥਲੀ ਪੁਸਤਕ 'ਖਿੜਕੀਆਂ' ਨੂੰ ਕਪੂਰ ਨੇ ਆਪਣੀ ਵਾਰਤਕ ਰਚਨਾਵਾਂ ਵਿਚ ਵਰਤੀਆਂ ਜਾਣ ਵਾਲੀਆਂ ਕਹਾਣੀਆਂ ਜਾਂ ਉਦਾਹਰਣਾਂ ਦੇ ਰੂਪ ਵਿਚ ਹੀ ਸਿਰਜਿਆ ਹੈ। ਇਹਨਾਂ ਕਹਾਣੀਆਂ ਦੇ ਕੋਈ ਸ਼ਾਬਦਿਕ ਅਰਥ ਨਹੀ ਸਗੋਂ ਭਾਵ-ਅਰਥ ਸਮਝਾਉਣਾ ਹੀ ਲੇਖਕ ਦਾ ਉਦੇਸ਼ ਹੈ।

ਬਹੁਤ ਵੱਡੀ ਗਿਣਤੀ ਵਿਚ ਤਕਰੀਬਨ 710 ਕਹਾਣੀਆਂ ਜਾਂ ਵੇਰਵਿਆਂ ਜਾਂ ਉਦਾਹਰਣਾਂ ਨਾਲ ਲੱਬਾ-ਲੱਬ ਭਰਿਆ ਇਹ ਪਦ-ਸੰਗ੍ਰਹਿ 'ਖਿੜਕੀਆਂ' ਲੇਖਕ ਦੀ ਦਿੱਬ-ਦ੍ਰਿਸ਼ਟੀ ਅਤੇ ਚੇਤੰਨ ਜੀਵਨ ਜਾਂਚ ਦਾ ਸਰਮਾਇਆ ਹੈ। ਕਪੂਰ ਦੀ ਇਸ ਪੁਸਤਕ ਦਾ ਘੇਰਾ ਅਤਿ ਵਿਸ਼ਾਲ ਹੈ ਜਿਸ ਵਿਚ ਸਤਿਜੁਗ ਤੋਂ ਲੈ ਕੇ ਕਲਿਯੁਗ, ਪੂਰਵ ਤੋ ਲੈ ਕੇ ਪੱਛਮ, ਸਿਕੰਦਰ ਤੋਂ ਲੈ ਕੇ ਸੁਸ਼ਮੀਤਾ ਸੈਨ, ਮਹਾਭਾਰਤ ਯੁੱਧ ਤੋਂ ਲੈ ਕੇ ਕਾਰਗਿੱਲ ਯੁੱਧ, ਮਾਊਂਟ ਏਵਰੈਸਟ ਤੋਂ ਲੈ ਕੇ ਸਮੁੰਦਰ ਦੀ ਗਹਿਰਾਈ, ਬਚਪਨ ਤੋਂ ਲੈ ਕੇ ਬੁਢਾਪੇ ਤੱਕ, ਗਿਆਨੀ ਤੋ ਲੈ ਕੇ ਅਗਿਆਨੀ ਤੱਕ ਦੇ ਅਤੇ ਸਾਧੂ ਅਤੇ ਚੋਰਾਂ ਸੰਬੰਧੀ ਬੇਅੰਤ ਸੁਆਦਲੇ, ਮਨੋਰੰਜਕ ਦਿਲ-ਪ੍ਰਚਾਵੇ ਵਾਲੇ ਵੇਰਵੇ ਉਲਝਣਾਂ ਨੂੰ ਸੁਲਝਾਉਣ ਦੇ ਨਾਲ-ਨਾਲ ਨਵੀਨਤਾ ਤੇ ਪ੍ਰਾਚੀਨਤਾ ਦੀਆਂ ਜੁੜਵੀਆਂ ਭਾਵਨਾਵਾਂ ਨਾਲ ਜੁੜੇ ਰਹਿੰਦੇ ਹਨ।

ਨਰਿੰਦਰ ਸਿੰਘ ਕਪੂਰ ਦੀ ਹੱਥਲੀ ਪੁਸਤਕ 'ਖਿੜਕੀਆਂ' ਵਿਚ ਛੋਟੇ-ਛੋਟੇ ਪਦ-ਵਰਣਨਾਂ ਵਿਚ ਅਟੱਲ ਸੱਚਾਈਆਂ ਤੇ ਵਾਕਿਆਤ ਦੇ ਆਧਾਰ ਤੇ ਜਿੰਦਗੀ ਦੇ ਸੁਨਹਿਰੀ ਸਿੱਟੇ ਪੇਸ਼ ਹੋਏਂ ਹਨ। ਆਮ ਜੀਵਨ ਵਿਚ ਪਰਤਿਆਏ ਗਏ ਸੱਚ ਇਸ ਹੁਨਰ ਤੇ ਸੰਜਮ ਨਾਲ ਪਦ-ਰੂਪਾਂ ਵਿਚ ਬਦਲ ਦਿੱਤੇ ਗਏ ਹਨ ਕਿ ਪਾਠਕ ਨੂੰ ਸਾਰੀ ਗੱਲ ਦਾ ਨਿਚੋੜ ਕੱਢਣ ਦੀ ਸਿਰਦਰਦੀ ਨਹੀ ਲੈਣੀ ਪੈਂਦੀ ਸਗੋਂ ਲੇਖਕ ਆਪ ਹੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਨਿਚੋੜ ਕੱਢ ਦਿੰਦਾ ਹੈ। ਜਿਸ ਸਫ਼ਲਤਾ ਨਾਲ ਕਪੂਰ ਨੇ ਆਪਣੇ ਇਸ ਵਾਰਤਕ ਸੰਗ੍ਰਹਿ 'ਖਿੜਕੀਆਂ' ਵਿਚ ਆਦਰਸ਼ਕ ਪੂਰਨਿਆਂ ਤੇ ਤੁਰਨ ਵਾਲੇ ਪੂਰਨ ਮਨੁੱਖਾਂ ਦਾ ਜੀਵਨ ਚਿਤਰਿਆ ਹੈ ਜੋ ਸਾਡੇ ਦਿਲ-ਦਿਮਾਗ ਨੂੰ ਟੁੰਬਣ ਵਾਲਾ ਤੇ ਜਿੰਦਗੀ ਨੂੰ ਅੱਗੇ ਵਧਾਉਣ ਵਾਲਾ ਹੈ। ਹੱਥਲੀ ਪੁਸਤਕ ਤੋਂ ਛੁੱਟ ਨਰਿੰਦਰ ਸਿੰਘ ਕਪੂਰ ਦੇ ਬਾਕੀ ਵਾਰਤਕ ਸੰਗ੍ਰਹਿ ਇਸ ਗੱਲ ਦਾ ਹੁੰਗਾਰਾ ਭਰਦੇ ਹਨ ਕਿ ਕਪੂਰ ਵਿਚ ਇਕ ਇਤਿਹਾਸਕਾਰ ਵਾਲੇ ਵੀ ਗੁਣ ਹਨ ਤਾਂ ਹੀ ਉਹ ਗਿਆਨ ਵਾਲੀਆਂ ਘਟਨਾਵਾਂ ਦਾ ਵੇਰਵਾ ਬੜੀ ਸਫ਼ਲਤਾ ਨਾਲ ਪੇਸ਼ ਕਰਦਾ ਹੈ। 'ਖਿੜਕੀਆਂ' ਪਦ-ਸੰਗ੍ਰਹਿ ਰਾਹੀ ਨਰਿੰਦਰ ਸਿੰਘ ਕਪੂਰ ਦਾ ਉਦੇਸ਼ ਜੀਵਨ ਅਨੁਭਵ ਦੀ ਵਿਸ਼ਾਲਤਾ ਦਾ ਗਿਆਨ ਕਰਵਾਉਣਾ ਹੈ ਅਤੇ ਦਿਲ ਦੀ ਗਹਿਰਾਈ ਦੇ ਖੇਤਰਾਂ ਦੇ ਸੁਨੇਹੇ ਦੇਣਾ ਹੈ। ਨਰਿੰਦਰ ਸਿੰਘ ਕਪੂਰ ਨੂੰ ਆਪਣੀ ਜੀਵਨ-ਦ੍ਰਿਸ਼ਟੀ ਪ੍ਰਤਿ ਪ੍ਰਬਲ ਵਿਸ਼ਵਾਸ ਹੈ ਅਤੇ ਜਗਦੇ-ਬੁਝਦੇ ਜੀਵਨ ਵੱਲ ਨਵੇਂ ਸਿਰੇ ਤੋਂ ਝਾਤ ਮਾਰ ਕੇ ਮੁਲਵਾਨ ਵਿਚਾਰ ਪੇਸ਼ ਕਰ ਕੇ ਉਹ ਆਪਣੇ ਪਾਠਕਾਂ ਨੂੰ ਆਪਣੇ ਹੱਕਾਂ ਤੇ ਕਰਤਵਾਂ ਤੋਂ ਜਾਣੂ ਕਰਵਾਉਂਦਾ ਹੈ।

ਨਰਿੰਦਰ ਸਿੰਘ ਕਪੂਰ ਦੀ ਨਰੋਈ ਵਿਚਾਰਧਾਰਾ ਆਧੁਨਿਕ ਮਨੁੱਖ ਨੂੰ ਨਿਰਾਸ਼ਾ ਅਤੇ ਰੋਸੇ ਭਰੇ ਜੀਵਨ ਵਿਚ ਖੇੜਾ ਲਿਆਉਣ ਲਈ, ਜੀਵਨ ਪ੍ਰਤਿ ਉਤਸੁਕਤਾ ਵਾਲਾ ਦ੍ਰਿਸ਼ਟੀਕੋਣ ਅਤੇ ਜਗਿਆਸਾ ਉਪਜਾਉਣ ਦਾ ਸੰਦੇਸ਼ ਦਿੰਦਾ ਹੈ, ਇਸ ਸੰਬੰਧੀ ਕਪੂਰ ਦਾ ਹੱਥਲੀ ਪੁਸਤਕ ਵਿਚ ਉਤਸਾਹ ਵਰਧਕ ਵਿਚਾਰ ਹੈ ਜਦੋਂ ਉਹ ਲਿਖਦਾ ਹੈ :

"ਮੈਂ ਕਈ ਵਾਰ ਹਾਰਿਆ ਹਾਂ, ਅਣਗਿਣਤ ਵਾਰ ਅਸਫਲ ਹੋਇਆ ਹਾਂ, ਮੈਂ ਕੁੱਟ ਵੀ ਕਈਆਂ ਤੋਂ ਖਾਧੀ ਹੈ, ਬੇਇੱਜਤੀ ਵੀ ਅਨੇਕਾਂ ਦੀ ਬਰਦਾਸ਼ਤ ਕੀਤੀ ਹੈ। ਮੇਰੇ ਨਾਲ ਵਧੀਕੀਆਂ ਵੀ ਹੋਈਆਂ ਹਨ, ਧੋਖਾ ਤਾਂ ਕਈ ਵਾਰ ਹੋਇਆ ਹੈ, ਘਾਟੇ ਤਾਂ ਪੈਂਦੇ ਹੀ ਰਹੇ ਹਨ। ਮੇਰਾ ਮਖੌਲ ਵੀ ਉਡਿਆ ਹੈ, ਮੇਰੇ ਤੇ ਝੂਠੇ ਦੋਸ਼ ਵੀ ਲੱਗੇ ਹਨ, ਮੇਰੇ ਤੇ ਮੁਕੱਦਮੇ ਵੀ ਚੱਲੇ ਹਨ, ਕੁਝ ਗਲਤ ਵਾਪਰਨ 'ਤੇ ਮੈਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ।

ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ ਜੇ ਮੈਂ ਅਜੇ ਤੱਕ ਟੁੱਟਿਆ ਨਹੀ ਆਤਮਘਾਤ ਕਰਨ ਬਾਰੇ ਸੋਚਿਆ ਨਹੀਂ, ਤਾਂ ਨਿਰੋਲ ਸਵੈ-ਵਿਸ਼ਵਾਸ ਨਾਲ ਕੇਵਲ ਜਾਣਨ ਦੀ ਇਸ ਜਗਿਆਸਾ ਕਾਰਨ ਕਿ ਵੇਖਦਾ ਹਾਂ, ਅੱਗੇ ਕੀ ਹੋਵੇਗਾ?'[4]

ਉਪਰੋਕਤ ਵਿਚਾਰ ਵਿਚ ਬੜੇ ਹੀ ਸੰਖੇਪ ਸ਼ਬਦਾਂ ਵਿਚ, ਸੰਜਮ ਭਰਪੂਰ ਵਾਰਤਾ ਰਾਹੀ ਲੇਖਕ ਅਜੋਕੇ ਸਮਾਜ ਦੇ ਮਨੁੱਖ ਨੂੰ ਜੀਵਨ ਦੀ ਭਾਂਜ-ਵਾਦੀ ਦ੍ਰਿਸ਼ਟੀ ਤੋਂ ਉਤਾਹ ਚੁੱਕਣ ਵਿਚ ਸਫ਼ਲ ਹੋਇਆ ਹੈ। ਨਰਿੰਦਰ ਸਿੰਘ ਕਪੂਰ ਦੀ ਹੱਥਲੀ ਪੁਸਤਕ ਰੁਝੇਵਿਆਂ ਭਰੇ ਯੁਗ ਦੀ ਪੈਦਾਵਾਰ ਹੈ, ਇਸ ਨੂੰ ਪੜ੍ਹਨ ਵਿਚ ਸਮੇਂ ਦਾ ਖਰਚ ਥੋੜਾ ਅਤੇ ਸੁਆਦ ਤੇ ਸੋਝੀ ਵਧੇਰੇ ਮਿਲਦੀ ਹੈ।

ਨਵੇਂ ਸਮਾਜ ਦਾ ਨਵਾਂ ਮਨੁੱਖ ਰੱਬੀ ਹੋਂਦ ਪ੍ਰਤਿ ਨਾਬਰ ਹੁੰਦਾ ਜਾ ਰਿਹਾ ਹੈ, ਕਿਸੇ ਵੀ ਤਰ੍ਹਾਂ ਦੀ ਉਰੇਚ ਅਤੇ ਉਦਮ ਦੀ ਤਾਕੀਦ ਕਰਨਾ ਮਨੁੱਖ ਦਾ ਉਦੇਸ਼ ਨਹੀਂ ਰਹਿ ਗਿਆ, ਉਹ ਤਾਂ ਸਗੋਂ ਰੱਬ ਨੂੰ ਹੀ ਆਪਣੀ ਮਾਨਸਿਕ ਤੇ ਸ਼ਰੀਰਕ ਊਣਤਾਈਆਂ ਲਈ ਜ਼ਿੰਮੇਵਾਰੀ ਚੁਕਾਉਣ ਵਿਚ ਰੁਝਿਆ ਹੋਇਆ ਹੈ। ਅਜੋਕੇ ਮਨੁੱਖ ਦੀ ਅਚੇਤ ਬੁੱਧੀ ਪ੍ਰਭੂ ਦੀਆਂ ਬਖਸ਼ੀਸ਼ਾਂ ਨੂੰ ਮਾਨਣ ਦੀ ਥਾਂ, ਉਸਨੂੰ ਮੰਗਤਾ ਬਣਾਉਣ ਵਿਚ ਹੀ ਰੁੱਝੀ ਹੋਈ ਹੈ। ਸਹਿਜ ਭਾਂਤ ਦਾ ਸੰਤੁਲਿਤ ਜੀਵਨ ਬਣਾਉਣ ਦਾ ਸੰਦੇਸ਼ ਦਿੰਦਾ ਹੋਇਆ ਲੇਖਕ ਸਾਧਾਰਨ ਗੱਲਬਾਤੀ ਸ਼ੈਲੀ ਰਾਹੀ ਆਪਣੀ ਤੇ ਪ੍ਰਭੂ ਦੀ ਗੱਲ-ਬਾਤ ਦਾ ਵਿਵਰਣ ਪੇਸ਼ ਕਰਦਾ ਹੋਇਆ ਲਿਖਦਾ ਹੈ :

"ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਮੇਰੇ ਦੁੱਖਾਂ ਤੋਂ ਮੁਕਤ ਕਰੋ। ਰੱਬ ਨੇ ਕਿਹਾ, ਮੈਂ ਕਿਸੇ ਦੇ ਦੁੱਖ ਨਹੀ ਲੈਂਦਾ, ਤੁਸੀਂ ਦੁੱਖ ਤਿਆਗਣੇ ਹਨ। ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਸਹਿਣਸ਼ੀਲ ਬਣਾਉ। ਪਰਮਾਤਮਾ ਨੇ ਕਿਹਾ ਸਹਿਣਸ਼ੀਲ ਹਮੇਸ਼ਾ, ਮੁਸੀਬਤਾਂ, ਮੁਸ਼ਕਿਲਾ ਅਤੇ ਸੰਕਟਾਂ ਵਿਚੋਂ ਲੰਘ ਕੇ ਬਣਿਆ ਜਾਂਦਾ ਹੈ। ਸਹਿਣਸ਼ੀਲਤਾ ਮਿਲਦੀ ਨਹੀ, ਕਮਾਉਣੀ ਪੈਂਦੀ ਹੈ।

ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਦਰਦਾਂ ਤੋਂ ਮੁਕਤ ਕਰੋ। ਪਰਮਾਤਮਾ ਨੇ ਕਿਹਾ, ਦਰਦ ਇਨਸਾਨੀਅਤ ਜਗਾਉਂਦੇ ਹਨ ਅਤੇ ਇਹਨਾਂ ਦਰਦਾਂ ਰਾਹੀ ਇਨਸਾਨ ਮੇਰੇ ਨੇੜ ਅਤੇ ਮੈਂ ਇਨਸਾਨ ਦੇ ਨੇੜੇ ਆਉਂਦਾ ਹਾਂ।

ਮੈਂ ਕਿਹਾ, ਵਾਹਿਗੁਰੂ, ਮੇਰੀ ਆਤਮਾ ਨੂੰ ਪ੍ਰਫੁੱਲਤ ਕਰੋ। ਵਾਹਿਗੁਰੂ ਨੇ ਕਿਹਾ : ਪ੍ਰਫੁੱਲਤ ਆਪ ਹੋਵੇ। ਮੈਂ ਛਾਂਗਦਾ ਰਹਾਂਗਾ, ਭਰਪੂਰ ਫਸਲ ਤੁਸੀਂ ਬਣਨਾ ਹੈ।

ਮੈਂ ਜ਼ਿੰਦਗੀ ਮਾਣਨ ਲਈ ਜਦੋਂ ਚੀਜ਼ਾਂ-ਵਸਤਾਂ ਮੰਗੀਆਂ ਤਾਂ ਪਰਮਾਤਮਾ ਨੇ ਕਿਹਾ, ਮੈਂ ਜ਼ਿੰਦਗੀ ਦਿੰਦਾ ਹਾਂ, ਮਾਨਣ ਵਾਲੀਆਂ ਵਸਤਾਂ ਨਾਲ ਸੰਸਾਰ ਪਹਿਲਾਂ ਹੀ ਭਰਿਆ ਪਿਆ ਹੈ, ਜ਼ਿੰਦਗੀ ਨੂੰ ਮਾਣਨਾ ਨਾ; ਮਾਣਨਾ ਤੁਹਾਡੀ ਮਰਜ਼ੀ ਹੈ।"[5]

ਬੁੱਧੀ ਤੇ ਕਲਪਨਾ ਦੇ ਸੁਮੇਲ ਰਾਹੀ ਲੇਖਕ ਨੇ ਉਪਰੋਕਤ ਵਿਚਾਰਧਾਰਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ ਅਤੇ ਅਜੋਕੇ ਮਨੁੱਖ ਨੂੰ ਆਪਣੇ ਗਿਲੇ-ਸ਼ਿਕਵਿਆਂ ਤੋਂ ਮੁਕਤ ਹੋਣ ਦਾ ਸੰਦੇਸ਼ ਦਿੱਤਾ ਹੈ। ਨਿਰਾਸ਼ਾ, ਉਦਾਸੀ ਜਾਂ ਮਾਯੂਸੀ ਤੋਂ ਬਾਹਰ ਨਿਕਲਣ ਦੀ ਜਾਚ ਸਿਖਾਈ ਹੈ ਅਤੇ ਬੜੀ ਸੁਹਿਰਦਤਾ ਤੇ ਪ੍ਰੇਮ ਭਰੀ ਵਾਰਤਾਲਾਪ ਰਾਹੀ ਮਨੁੱਖ ਨੂੰ ਸਮਝਾਇਆ ਹੈ ਕਿ ਨੈਤਿਕ ਗੁਣਾਂ ਦਾ ਧਾਰਨੀ ਕਿਵੇਂ ਬਣਨਾ ਹੈ। ਲੇਖਕ ਦੇ ਵਰਣਨਾਂ ਵਿਚ ਅਟੱਲ ਸੱਚਾਈਆਂ ਅਤੇ ਵਾਕਿਆਤ ਦੇ ਆਧਾਰ ਤੇ ਜ਼ਿੰਦਗੀ ਦੇ ਸੁਨਹਿਰੀ ਸਿੱਟੇ ਪੇਸ਼ ਹੋਏ ਹਨ। ਉਸਦਾ ਸੰਦੇਸ਼ ਕਿਸੇ ਸੰਕੀਰਣ ਹੱਦਬੰਦੀ ਨੂੰ ਪਰਵਾਨ ਨਹੀ ਕਰਦਾ ਸਗੋਂ ਕਿਸੇ ਵੀ ਜਾਤੀ, ਧਰਤ, ਦੇਸ਼ ਦੇ ਲੋਕਾਂ ਤੋਂ ਲੇਖਕ ਨੇ ਸਿਖਿਆਤਮਕ ਤੱਤ ਕੱਢ ਕੇ ਤਜਰਬੇ ਦਾ ਸੱਚ ਪੇਸ਼ ਕੀਤਾ ਹੈ ਜੋ ਕਿਸੇ ਵੀ ਪੱਖ ਤੋਂ ਸਾਡੇ ਜੀਵਨ ਨੂੰ ਹਲਕਾ ਨਹੀ ਪੈਣ ਦਿੰਦਾ ਲੇਖਕ ਦਾ ਸੁੰਦਰ ਸੂਖਮ ਬਿਰਤਾਂਤ ਇਸ ਸੰਬੰਧ ਵਿਚ ਇੰਜ ਪੇਸ਼ ਹੋਇਆ ਹੈ :

> "ਪਾਦਰੀਆਂ ਦੀ ਨਿਮਰਤਾ ਵਿਸ਼ਵਭਰ ਵਿਚ ਪ੍ਰਸਿੱਧ ਹੈ। ਇਕ ਪਾਦਰੀ ਗਰੀਬਾਂ ਵਾਸਤੇ ਪੈਸੇ ਮੰਗਣ ਗਿਆ। ਇਕ ਧਨਾਢ ਪਰ ਕੰਜੂਸ ਵਿਅਕਤੀ ਨੇ ਉਸ ਨੂੰ ਗਾਲ੍ਹਾਂ ਕੱਢੀਆਂ। ਪਾਦਰੀ ਨੇ ਕਿਹਾ ! ਇਹ ਤਾਂ ਮੇਰੇ ਲਈ ਹਨ, ਕੁਝ ਗਰੀਬਾਂ ਲਈ ਵੀ ਦਿਉ ।"[6]

ਇਸ ਤਰ੍ਹਾਂ ਲੇਖਕ ਦਾ ਬਿਆਨ ਅਨੋਖੀ ਤੇ ਅਨੂਪਮ ਪਵਿੱਤਰਤਾ ਦਾ ਧਾਰਨੀ ਹੈ। ਉਸਦੀ ਵਾਰਤਕ ਦੇ ਪਾਤਰ ਸਾਧੂ, ਪ੍ਰੇਮੀ, ਸੰਤ, ਸਿਪਾਹੀਆਂ ਵਾਂਗ ਜੂਝਣ ਵਾਲੇ ਕਰਮ ਦੇ ਆਦਰਸ਼ ਤੇ ਦ੍ਰਿੜ੍ਹਤਾ ਦਾ ਪਾਲਨ ਕਰਨ ਵਾਲੇ ਤੇ ਨਿਮਰਤਾ ਦੇ ਧਾਰਨੀ ਹਨ। ਲੇਖਕ ਅਜੋਕੇ ਮਨੁੱਖ ਨੂੰ ਜੀਵਨ ਦਾ ਅਰਥ 'ਪਿਆਰ, ਦਯਾ, ਧਰਮ, ਸੁਹਿਰਦਤਾ ਆਦਿ ਨੂੰ ਸੰਚਿਤ ਕਰਨ ਦੇ ਸੰਦਰਭ ਵਿਚ ਸਮਝਾਉਂਦਾ ਹੈ। ਇਕ ਆਦਰਸ਼ਵਾਦੀ ਵਾਰਤਕਕਾਰ ਹੋਣ ਦੇ ਨਾਤੇ ਨਰਿੰਦਰ ਸਿੰਘ ਕਪੂਰ ਨਿਜੀ ਅਤੇ ਸਮਾਜ-ਸੁਧਾਰ ਲਈ ਸੁਝਾ ਪੇਸ਼ ਕਰਦਾ ਹੈ ਲੇਖਕ ਦਾ ਵਿਚਾਰ ਹੈ ਕਿ ਲਗਭਗ ਵੀਹ ਸਾਲ ਦੀ ਉਮਰ, ਵੱਡੀਆਂ ਮੁਸ਼ਕਲਾਂ ਵਾਲੀ ਹੁੰਦੀ ਹੈ ਕਿਉਂਕਿ ਇਸ ਉਮਰ ਵਿਚ ਫੈਸਲਾ ਕਰਨਾ ਹੁੰਦਾ ਹੈ ਕਿ ਜ਼ਿੰਦਗੀ ਤੋਂ ਲੈਣਾ ਹੀ ਲੈਣਾ ਹੈ ਜਾਂ ਦਿੰਦੇ ਹੀ ਰਹਿਣਾ ਹੈ। ਲੇਖਕ ਦਾ ਤੱਥ ਬੜਾ ਪ੍ਰਭਾਵਸ਼ਾਲੀ ਹੈ ਕਿ ਇਸ ਉਮਰ ਵਿਚ ਹੀ ਮਨੁੱਖ ਜੀਵਨ ਨੂੰ ਰੋਸ਼ਨੀ ਵੱਲ ਵੀ ਲੈ ਜਾ ਸਕਦਾ ਹੈ ਜਾਂ ਹਨੇਰਿਆਂ ਵਿਚ ਵੀ ਧੱਕ ਸਕਦਾ ਹੈ।

ਇਸ ਤਰ੍ਹਾਂ ਸਮਾਜਿਕ ਨਿਰਮਾਣ ਅਤੇ ਇਸਦੀ ਪੁਨਰ ਵਿਵਸਥਾ ਵਿਚ ਮਨੁੱਖੀ ਅਸਤਿੱਤਵ ਦੀਆਂ ਚੰਗੀਆਂ ਤੇ ਮਾੜੀਆਂ ਦੋਹਾਂ ਤਰ੍ਹਾਂ ਦੀਆਂ ਕੀਮਤਾਂ ਕੰਮ ਕਰਦੀਆਂ ਹਨ। ਵਿਲੱਖਣ ਸ਼ਖ਼ਸੀਅਤਾਂ ਅਤੇ ਵੱਡੇ ਵਰਤਾਰਿਆਂ ਦੇ ਆਗੂ ਜਿਹਨਾਂ ਨੇ ਮਨੁੱਖ ਮਾਤਰ ਵਿਚ ਇਕਸੁਰਤਾ ਤੇ ਇਕਸਾਰਤਾ ਦਾ ਭਾਵ ਜਗਾਇਆ, ਉਹਨਾਂ ਦੇ ਜੀਵਨ ਦੀਆਂ ਗੁੰਝੀਆਂ ਗੰਢਾਂ ਨਰਿੰਦਰ ਸਿੰਘ ਕਪੂਰ ਨੇ ਇਸ ਹੁਨਰ ਨਾਲ ਪੇਸ਼ ਕੀਤੀਆਂ ਜਿਸ ਨਾਲ ਜ਼ਿੰਦਗੀ ਦੇ ਨਵੇਂ ਮੁਹਾਂਦਰੇ ਦਾ ਝਾਕਾ ਪੈਂਦਾ ਹੈ। ਇਸ ਪੱਖ ਤੋਂ ਕਪੂਰ ਨੇ ਆਪਣੇ ਹੱਥਲੇ ਵਾਰਤਕ ਸੰਗ੍ਰਹਿ ਵਿਚ ਭਾਰਤੀ ਤੇ ਪੱਛਮੀ ਰਹਿਬਰ ਸਖ਼ਸ਼ੀਅਤਾਂ ਜਿਵੇਂ ਮਦਰ ਟੈਰੇਸਾ, ਕਲਪਨਾ ਚਾਵਲਾ, ਹਿਲੇਰੀ, ਯੁਧਿਸਟਰ, ਕ੍ਰਿਸ਼ਨ, ਅਰਜਨ, ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਡਾ. ਰਾਧਾ ਕ੍ਰਿਸ਼ਨ, ਭੀਮ ਰਾਵ ਅੰਬੇਡਕਰ ਦੇ ਨਾਲ-ਨਾਲ ਇਬਰਾਹਿਮ ਲਿੰਕਨ, ਡਾ. ਫਰਾਇਡ, ਪਲੈਟੋ, ਹਿਟਲਰ, ਨੈਪੋਲੀਅਨ, ਮਾਈਕਲ ਐਂਜਲੋ (ਪ੍ਰਸਿੱਧ ਮੂਰਤੀਕਾਰ), ਸਿਕੰਦਰ, ਪੋਰਸ ਆਦਿ ਦੇ ਜੀਵਨ ਝਲਸੜੇ ਨੂੰ ਚਿਤਰਿਆ ਹੈ।

ਲੱਖਾਂ ਬੁਝੇ ਹੋਏ ਦੀਵਿਆਂ ਵਿਚ ਆਸ ਦਾ ਤੇਲ ਪਾਉਣ ਵਾਲੀ, ਨਿਆਸਰਿਆਂ ਨੂੰ ਆਸਰਾ ਦੇਣ ਵਾਲੀ, ਮੌਤ ਦੇ ਅਖਾੜੇ ਵਿਚ ਜ਼ਿੰਦਗੀ ਦੀ ਬਾਜ਼ੀ ਲਾਉਣ ਵਾਲੀ ਮਦਰ ਟੈਰੇਸਾ ਦੀ ਸੁਆਰਥ ਰਹਿਤ ਸੇਵਾ ਭਾਵਨਾ ਸੰਬੰਧੀ ਵਿਚਾਰ ਪੇਸ਼ ਕਰਦਿਆਂ ਨਰਿੰਦਰ ਸਿੰਘ ਕਪੂਰ ਲਿਖਦਾ ਹੈ ਕਿ :

> "ਮਦਰ ਟੈਰੇਸਾ ਕਹਿ ਰਹੀ ਸੀ, ਜਦੋਂ ਤੂਫਾਨ-ਭੂਚਾਲ ਆਉਂਦਾ ਹੈ ਤਾਂ ਮੇਰੇ ਵਿਚ ਲੋੜਵੰਦਾਂ ਲਈ ਕਰੋੜਾਂ ਰੁਪਏ ਇਕੱਠੇ ਕਰਨ ਦੀ ਹਿੰਮਤ ਜਾਗ ਪੈਂਦੀ ਹੈ ਪਰ ਜਦੋਂ ਪੈਸੇ ਦੀ ਨਿੱਜੀ ਲੋੜ ਪੈਂਦੀ ਹੈ ਤਾਂ ਮੇਰੇ ਕੋਲ ਬਿਜਲੀ ਦਾ ਬਿਲ ਦੇਣ ਦੇ ਵੀ ਪੈਸੇ ਨਹੀ ਹੁੰਦੇ ।"[7]

ਮਦਰ ਟੈਰੇਸਾ ਦੇ ਬੋਲ ਕੇਵਲ ਉਸਦੀ ਮਾਨਸਿਕ ਕਿਰਿਆ ਹੀ ਨਹੀ ਹਨ ਸਗੋਂ ਇਹ ਜੀਵਨ ਨੂੰ ਚੜ੍ਹਦੀ ਕਲਾ ਦਾ ਹੁਲਾਰਾ ਦੇਣ ਵਾਲੀ ਨਿਰਸੁਆਰਥ ਸੇਵਾ-ਭਾਵਨਾ ਦਾ ਸੰਦਰਭ ਹਨ। ਕਪੂਰ ਦੀ ਇਹ ਖੂਬੀ ਹੈ ਕਿ ਉਹ ਛੋਟੀ ਤੋਂ ਛੋਟੀ ਘਟਨਾ ਨੂੰ ਨਾਟਕੀ ਰੰਗਣ ਦੇ ਕੇ ਰੋਚਕਤਾ ਵਾਲਾ ਸਰੂਰ ਬਣਾਈ ਰੱਖਦਾ ਹੈ।

ਇਨਸਾਨੀ ਫਿਤਰਤ ਦੇ ਬਹੁ-ਦਿਸ਼ਾਵੀ ਤੇ ਬਹੁ-ਪਾਸਾਰੀ ਰੰਗਾਂ ਦੀ ਸੁਆਦਲੀ ਜਾਣਕਾਰੀ ਨਰਿੰਦਰ ਸਿੰਘ ਕਪੂਰ ਦੇ ਹੱਥਲੇ ਵਾਰਤਕ ਸੰਗ੍ਰਹਿ ਵਿਚਲੀਆਂ ਘਟਨਾਵਾਂ ਦੇ ਪ੍ਰਭਾਵ ਨੂੰ ਤਿੱਖਾ ਕਰਦੀ ਹੈ। ਲੇਖਕ ਦਾ ਵਿਚਾਰ ਹੈ ਕਿ ਸੰਸਾਰ ਵਿਚ ਪਹਿਲ ਕਰਨ ਦੀ ਦਲੇਰੀ ਨਹੀ ਹੁੰਦੀ ਕੇਵਲ ਪਿੱਛੇ ਲੱਗਣ ਦਾ ਹੀ ਸ਼ੌਕ ਹੁੰਦਾ ਹੈ ਪਰ ਨਾਮ ਉਹਨਾਂ ਦਾ ਹੀ ਹੁੰਦਾ ਹੈ, ਜਿਹੜੇ ਪਹਿਲ ਕਰਦੇ ਹਨ।[8]

ਨਰਿੰਦਰ ਸਿੰਘ ਕਪੂਰ ਅਜੋਕੇ ਯੁੱਗ ਦੀ ਵਾਸਤਵਿਕਤਾ ਨੂੰ ਚੇਤੰਨ ਹੋ ਕੇ ਨਵੇਂ ਅੰਦਾਜ਼ ਵਿਚ ਪੇਸ਼ ਕਰਦਾ ਹੈ। ਉਸਦਾ ਉਦੇਸ਼ ਸੱਚ ਨੂੰ ਪ੍ਰਤਖੀਕਰਣ ਦੇਣਾ ਅਤੇ ਇੰਦ੍ਰਿਆਵੀ ਬੋਧ ਨੂੰ ਤਿੱਖਾ ਤੇ ਪ੍ਰਚੰਡ ਰੂਪ ਦੇਣਾ ਹੈ। ਲੇਖਕ ਦਾ ਵਿਚਾਰ ਹੈ ਕਿ ਉਸਰਨਾ ਅਤੇ ਟੁੱਟਣਾ ਹਰੇਕ ਵਰਤਾਰੇ ਦਾ ਲਾਜ਼ਮੀ ਪੱਖ ਹੁੰਦਾ ਹੈ ਜਿਵੇਂ ਹਰ ਵਪਾਰ, ਪਰਿਵਾਰ, ਅਦਾਰਾ, ਬਾਦਸ਼ਾਹੀ, ਸੰਗਠਨ ਆਦਿ ਦੀ ਗੁੱਡੀ ਹਮੇਸ਼ਾ ਚੜ੍ਹੀ ਨਹੀ ਰਹਿ ਸਕਦੀ। ਸੰਸਾਰ ਦੇ ਅਰਥ ਯਥਾਰਥ ਤੋਂ ਹੁੰਦੇ ਹਨ ਅਤੇ ਜੀਵਨ ਦੇ ਅਰਥ ਧਰਤੀ ਤੋਂ ਹੁੰਦੇ ਹਨ। ਹਮੇਸ਼ਾ ਲਈ ਕੋਈ ਕਲਪਨਾ ਵਿਚ ਨਹੀ ਰਹਿ ਸਕਦਾ ਅਤੇ ਯਥਾਰਥ ਨਾਲ ਭੁਗਤਾਨ ਵੀ ਹਰ ਵੇਲੇ ਸੰਭਵ ਨਹੀ ਹੁੰਦਾ। ਜ਼ਿੰਦਗੀ ਵਿਚ ਕੀ ਵਾਪਰੇਗਾ, ਇਸ ਨੂੰ ਨਾ ਜਾਣਦੇ ਹੋਣਾ ਹੀ ਜੀਵਨ ਦਾ ਸਭ ਤੋਂ ਵੱਧ ਦਿਲਚਸਪ ਪੱਖ ਹੁੰਦਾ ਹੈ। ਲੇਖਕ ਦਾ ਸੁੰਦਰ ਵਿਚਾਰ ਹੈ :

> "ਜ਼ਿੰਦਗੀ ਜੀਵੋ, ਭਰਪੂਰ ਜ਼ਿੰਦਗੀ ਜੀਵੋ,
> ਉਵੇਂ ਜੀਵੋ, ਜਿਵੇਂ ਕਿਸੇ ਨੇ ਜੀਵੀ ਨਾ ਹੋਵੇ।"[9]


**ਹਵਾਲੇ ਅਤੇ ਟਿੱਪਣੀਆਂ**

1 ਡਾ. ਹਰਿਭਜਨ ਸਿੰਘ, 'ਪਤਰਾਂਜਲੀ', ਪੰਨਾ 119
2 ਉਹੀ, ਪੰਨਾ 122
3 ਡਾ. ਨਰਿੰਦਰ ਸਿੰਘ ਕਪੂਰ, ਖਿੜਕੀਆਂ, ਪੰਨਾ 7
4 ਉਹੀ, ਪੰਨਾ 32
5 ਉਹੀ, ਪੰਨਾ 16
6 ਉਹੀ, ਪੰਨਾ 47
7 ਉਹੀ, ਪੰਨਾ 27
8 ਉਹੀ, ਪੰਨਾ 318
9 ਉਹੀ, ਪੰਨਾ 173